# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 pm**

**ਮਿਤੀ: 14-04-2025**

- ਦੇਸ਼ ਅੱਜ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਨੂੰ ਉਨ੍ਹਾਂ ਦੀ 134ਵੀਂ ਜਯੰਤੀ 'ਤੇ ਸ਼ਰਧਾਂਜਲੀ ਭੇਟ ਕਰ ਰਿਹਾ ਏ। ਰਾਸ਼ਟਰਪਤੀ, ਉਪ ਰਾਸ਼ਟਰਪਤੀ, ਪ੍ਰਧਾਨ ਮੰਤਰੀ ਸਮੇਤ ਉੱਘੀਆਂ ਸ਼ਖਸੀਅਤਾਂ ਨੇ ਡਾ. ਅੰਬੇਡਕਰ ਦੇ ਬੁੱਤ 'ਤੇ ਸ਼ਰਧਾਂਜਲੀ ਭੇਟ ਕੀਤੀ।
- ਪੰਜਾਬ ਭਰ ਵਿਚ ਵੀ ਬਾਬਾ ਸਾਹਿਬ ਅੰਬੇਡਕਰ ਨੂੰ ਕੀਤਾ ਗਿਆ ਯਾਦ।
- ਪ੍ਰਧਾਨ ਮੰਤਰੀ ਨੇ ਅੱਜ ਹਿਸਾਰ ਤੋਂ ਅਯੋੱਧਿਆ ਲਈ ਇਕ ਵਪਾਰਕ ਉਡਾਨ ਦੀ ਕੀਤੀ ਸ਼ੁਰੂਆਤ।

- ਪੰਜਾਬ ਦੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੇ ਕਥਿਤ 50 ਬੰਬ ਬਾਰੇ ਬਿਆਨ ਸਬੰਧੀ ਮੁਹਾਲੀ ਪੁਲਿਸ ਕਰੇਗੀ ਪੁਛਗਿਛ ।
- ਮੋਗਾ ਦੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ "ਯੁੱਧ ਨਸ਼ਿਆਂ ਵਿਰੁਧ" ਮੁਹਿੰਮ ਦੇ ਹਿੱਸੇ ਵਜੋਂ ਸ਼ੁਰੂ ਕੀਤੀ ਗਈ ਨਿਵੇਕਲੀ ਪਹਿਲਕਦਮੀ ਤਹਿਤ, ਜ਼ਿਲੇ ਦੇ ਅਧਿਕਾਰੀ ਜ਼ਿਲ੍ਹੇ ਭਰ ਦੇ ਵੱਖ-ਵੱਖ ਸੈਕੰਡਰੀ ਸਕੂਲਾਂ ਨੂੰ ਅਪਣਾਉਣਗੇ ।
- ਤੀਰਅੰਦਾਜ਼ੀ ਵਿਸ਼ਵ ਕੱਪ 2025 ਵਿਚ ਭਾਰਤ ਦੇ ਧੀਰਜ ਬੋਮਦੇਵਰਾ ਨੇ ਜਿੱਤਿਆ ਕਾਂਸੀ ਦਾ ਤਗਮਾ।

---

ਦੇਸ਼ ਅੱਜ ਭਾਰਤੀ ਸੰਵਿਧਾਨ ਦੇ ਮੁੱਖ ਨਿਰਮਾਤਾ, ਡਾ. ਬੀ. ਆਰ. ਅੰਬੇਡਕਰ ਨੂੰ ਉਨ੍ਹਾਂ ਦੀ 134ਵੀਂ ਜਯੰਤੀ 'ਤੇ ਸ਼ਰਧਾਂਜਲੀ ਭੇਂਟ ਕਰ ਰਿਹਾ ਏ । ਇਸ ਮੌਕੇ ਕਈ ਸਮਾਗਮ ਕਰਵਾਏ ਗਏ । ਰਾਸ਼ਟਰਪਤੀ ਦ੍ਰੋਪਦੀ ਮੁਰਮੂ, ਉਪ ਰਾਸ਼ਟਰਪਤੀ ਜਗਦੀਪ ਧਨਖੜ, ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਕੇਂਦਰੀ ਮੰਤਰੀਆਂ, ਸੰਸਦ ਮੈਂਬਰਾਂ ਅਤੇ ਹੋਰ ਪਤਵੰਤਿਆਂ

ਨੇ ਅੱਜ ਸੰਸਦ ਭਵਨ ਕੰਪਲੈਕਸ ਵਿੱਚ ਬਾਬਾ ਸਾਹਿਬ ਦੇ ਬੁੱਤ 'ਤੇ ਫੁੱਲਾਂ ਨਾਲ ਸ਼ਰਧਾਂਜਲੀ ਭੇਂਟ ਕੀਤੀ । ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਡਾ. ਬੀ. ਆਰ. ਅੰਬੇਡਕਰ ਦੀ ਜਯੰਤੀ ਮੌਕੇ ਨਾਗਰਿਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਆਪਣੇ ਪ੍ਰੇਰਨਾਦਾਇਕ ਜੀਵਨ ਵਿੱਚ, ਬਾਬਾ ਸਾਹਿਬ ਨੇ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨ ਦੇ ਬਾਵਜੂਦ ਆਪਣੀ ਇੱਕ ਵੱਖਰੀ ਪਛਾਣ ਬਣਾਈ ਅਤੇ ਆਪਣੀਆਂ ਅਸਾਧਾਰਨ ਪ੍ਰਾਪਤੀਆਂ ਨਾਲ ਦੁਨੀਆ ਭਰ ਵਿੱਚ ਸਤਿਕਾਰ ਪ੍ਰਾਪਤ ਕੀਤਾ। ਉਧਰ ਹਿਸਾਰ ਵਿਚ ਇਕ ਜਨਤਕ ਬੈਠਕ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ, ਦੇਸ਼ ਅੱਜ ਬਾਬਾ ਸਾਹਿਬ ਨੂੰ ਸ਼ਰਧਾਂਜਲੀ ਭੇਂਟ ਕਰ ਰਿਹਾ ਏ, ਅਤੇ ਉਨ੍ਹਾਂ ਦੇ ਆਦਰਸ਼ ਸਰਕਾਰ ਦੀ ਆਤਮਾ ਦਾ ਮਾਰਗਦਰਸ਼ਨ ਕਰਦੇ ਰਹਿਣਗੇ. ਅੱਜ ਹਰਿਆਣਾ ਦੇ ਹਿਸਾਰ ਵਿਖੇ ਇੱਕ ਜਨਤਕ ਮੀਟਿੰਗ ਨੂੰ ਸੰਬੋਧਨ ਕਰਦਿਆਂ, ਸ਼੍ਰੀ ਮੋਦੀ ਨੇ ਕਿਹਾ ਕਿ, ਉਨ੍ਹਾਂ ਦੀ ਸਰਕਾਰ ਦਾ ਹਰ ਯਤਨ ਦੱਬੇ-ਕੁਚਲੇ ਲੋਕਾਂ,ਕਬਾਇਲੀਆਂ, ਔਰਤਾਂ, ਗਰੀਬਾਂ ਅਤੇ ਹਾਸ਼ੀਆਗਤ ਲੋਕਾਂ ਦੇ ਜੀਵਨ ਵਿੱਚ ਤਬਦੀਲੀ ਲਿਆਉਣ ਅਤੇ ਉਨ੍ਹਾਂ ਦੀਆਂ ਇੱਛਾਵਾਂ ਨੂੰ ਹਕੀਕਤ ਵਿੱਚ ਬਦਲਣ ਦੇ ਉਦੇਸ਼ ਵਾਲਾ ਏ । ਪ੍ਰਧਾਨ

ਮੰਤਰੀ ਨੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੂੰ ਸ਼ਰਧਾਂਜਲੀਭੇਂਟ ਕੀਤੀ ਅਤੇ ਕਿਹਾ ਕਿ ਉਨ੍ਹਾਂ ਦੀ ਜਨਮ ਵਰ੍ਹੇਗੰਢ ਦਲਿਤਾਂ, ਹਾਸ਼ੀਆਗਤ ਲੋਕਾਂ ਅਤੇ ਪਛੜੇ ਭਾਈਚਾਰਿਆਂ ਲਈ "ਦੀਵਾਲੀ" ਵਾਂਗ ਏ –

**BYTE -**

ਪ੍ਰਧਾਨ ਮੰਤਰੀ ਨੇ ਕਿਹਾ ਕਿ ਬਾਬਾ ਸਾਹਿਬ ਦੇ ਮੰਤਰ ਅਨੁਸਾਰ ਕੰਮ ਕਰਦਿਆਂ, ਸ਼੍ਰੀ ਕ੍ਰਿਸ਼ਨ ਦੀ ਧਰਤੀ ਤੋਂ ਭਗਵਾਨ ਰਾਮ ਦੀ ਅਯੁੱਧਿਆ ਤੱਕ ਉਡਾਨਾਂ ਸ਼ੁਰੂ ਹੋ ਗਈਆਂ ਨੇ. ਓਹਨਾਂ ਕਿਹਾ ਕਿ ਉਨ੍ਹਾਂ ਨੂੰ ਮਾਣ ਏ ਕਿ ਹਰਿਆਣਾ, ਵਿਕਸਿਤ ਭਾਰਤ ਦੇ ਅਹਿਦ ਨੂੰ ਪੂਰਾ ਕਰਨ ਲਈ ਗੰਭੀਰਤਾ ਨਾਲ ਕੰਮ ਕਰ ਰਿਹਾ ਏ । ਉਨ੍ਹਾਂ ਵਕਫ਼ ਕਾਨੂੰਨ ਵਿੱਚ ਹਾਲੀਆ ਤਬਦੀਲੀਆਂ ਦਾ ਪੱਖ ਲੈਂਦਿਆਂ ਕਿਹਾ ਕਿ ਇਹ ਗਰੀਬ ਮੁਸਲਮਾਨਾਂ ਨੂੰ ਲਾਭ ਪਹੁੰਚਾਉਣਗੀਆਂ ਅਤੇ ਕਬਾਇਲੀ ਜ਼ਮੀਨਾਂ ਦੀ ਰਾਖੀ ਕਰਨਗੀਆਂ। ਇਸ ਤੋਂ ਪਹਿਲਾਂ, ਪ੍ਰਧਾਨ ਮੰਤਰੀ ਨੇ ਅੱਜ ਹਿਸਾਰ ਤੋਂ ਅਯੁੱਧਿਆ ਲਈ ਵਪਾਰਕ ਉਡਾਣ ਨੂੰ ਹਰੀ ਝੰਡੀ ਦਿਖਾਈ ਅਤੇ

ਹਿਸਾਰ ਹਵਾਈ ਅੱਡੇ 'ਤੇ ਟਰਮੀਨਲ-2 ਇਮਾਰਤ ਦਾ ਨੀਂਹ ਪੱਥਰ ਰੱਖਿਆ।

--------------------------------------------------------------------

ਇਧਰ ਪੰਜਾਬ ਵਿਚ ਵੀ ਭਾਰਤ ਰਤਨ ਡਾ. ਭੀਮ ਰਾਓ AMBEDKAR ਦੀ ਜਨਮ ਵਰ੍ਹੇਗੰਢ ਮੌਕੇ ਇੱਕ ਸੂਬਾ ਪਧਰੀ ਸਮਾਗਮ, ਪਟਿਆਲਾ ਦੀ ਪੰਜਾਬੀ ਯੂਨੀਵਰਸਿਟੀ ਵਿਖੇ ਕਰਾਇਆ ਗਿਆ। ਇਸ ਸਮਾਗਮ ਵਿਚ ਮੁਖ – ਮੰਤਰੀ ਭਗਵੰਤ ਸਿੰਘ ਮਾਨ ਅਤੇ ਸਮਾਜਿਕ ਨਿਆਂ ਬਾਰੇ ਮੰਤਰੀ DR. ਬਲਜੀਤ ਕੌਰ ਸਮੇਤ ਕੁਝ ਹੋਰਨਾਂ ਉਘੀਆ ਸ਼ਖਸੀਅਤਾਂ ਨੇ ਸੰਬੋਧਨ ਕਰਦਿਆਂ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਮੌਕੇ ਮੁਖ ਮੰਤਰੀ ਵੱਲੋਂ ਪੋਸਟ MATRIC SCHOLARSHIP SCHEME, ਆਸ਼ੀਰਵਾਦ ਯੋਜਨਾ, SC ਨਿਗਮ, ਅਤੇ ਪਛੜੀਆਂ ਸ਼੍ਰੇਣੀਆਂ ਬਾਰੇ ਨਿਗਮ ਦੇ ਲਾਭਪਾਤਰੀਆਂ ਨੂੰ ਵਧਾਈ ਪੱਤਰ ਸੌਂਪੇ ਗਏ। ਇਸੇ ਤਰ੍ਹਾਂ ਸੂਬੇ ਭਰ ਵਿਚ ਸਮਾਗਮ ਕਰਵਾਏ ਗਏ ਨੇ ਜਿਥੇ ਕੈਬਨਿਟ ਮੰਤਰੀਆਂ ਤੇ ਹੋਰਨਾਂ ਸਰਕਾਰੀ

ਸ਼ਖਸੀਅਤਾਂ ਨੇ ਸ਼ਿਰਕਤ ਕਰ ਕੇ ਬਾਬਾ ਸਾਹਿਬ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ।

---------------------------------------------------------------

ਭਾਰਤੀ ਜਨਤਾ ਪਾਰਟੀ ਅਨੁਸੂਚਿਤ ਜਾਤੀ ਮੋਰਚਾ ਦੇ ਉਪ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਬਾਬਾ ਸਾਹਿਬ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਉਹ ਇੱਕ ਪ੍ਰਸਿੱਧ ਕਾਨੂੰਨਦਾਨ, ਅਰਥਸ਼ਾਸਤਰੀ ਅਤੇ ਸਮਾਜ ਸੁਧਾਰਕ ਸਨ। ਉਨ੍ਹਾਂ ਦਾ ਆਤਮਵਿਸ਼ਵਾਸ, ਵਿਅਕਤੀਵਾਦ ਅਤੇ ਜ਼ੁਲਮ ਦੇ ਵਿਰੋਧ ਦੀ ਭਾਵਨਾ ਸਾਨੂੰ ਸਨਮਾਨ ਨਾਲ ਜ਼ਿੰਦਗੀ ਜਿਊਣ ਦਾ ਰਸਤਾ ਦਿਖਾਉਂਦੀ ਏ।

---------------------------------------------------------------

ਪੰਜਾਬ ਵਿਚ ਵਿਰੋਧੀ ਧਿਰ ਦੇ ਨੇਤਾ ਅਤੇ ਸੀਨੀਅਰ ਕਾਂਗਰਸੀ ਸਿਆਸਤਦਾਨ, ਪ੍ਰਤਾਪ ਸਿੰਘ ਬਾਜਵਾ, ਜਿਨ੍ਹਾਂ ਨੂੰ ਅੱਜ ਮੋਹਾਲੀ ਪੁਲਿਸ ਨੇ ਉਹਨਾਂ ਵਲੋਂ ਪੰਜਾਬ ਵਿਚ ਕਥਿਤ ਤੌਰ ਤੇ 50 ਬੰਬ ਜਾਂ ਗਰਨੇਡ ਹੋਣ ਬਾਰੇ ਬਿਆਨ ਦੇ ਸੂਤਰਾਂ ਬਾਰੇ ਜਾਣਕਾਰੀ ਦੇਣ ਲਈ ਪੇਸ਼ ਹੋਣ ਲਈ ਕਿਹਾ ਸੀ, ਨੇ ਮੋਹਾਲੀ ਕੋਰਟ ਰਾਹੀਂ ਕੱਲ੍ਹ ਦੁਪਹਿਰੇ 2 ਵਜੇ ਤੱਕ

ਪੁਲਿਸ ਸਟੇਸ਼ਨ ਵਿਚ ਪੇਸ਼ ਹੋਣ ਦਾ ਸਮਾਂ ਮੰਗਿਆ ਏ। ਬਾਜਵਾ ’ਤੇ ਮੋਹਾਲੀ ਸਾਈਬਰ ਅਪਰਾਧ ਪੁਲਿਸ ਵਲੋਂ ਰਾਸ਼ਟਰੀ ਸੁਰੱਖਿਆ ਨਾਲ ਸਮਝੌਤਾ ਕਰਨ ਵਾਲੀ ਗਲਤ ਜਾਣਕਾਰੀ ਫੈਲਾਉਣ ਦੇ ਇਲ੍ਜ਼ਾਮ ਹੇਠ ਭਾਰਤੀ ਨਿਆਂ ਸੰਹਿਤਾ (B.N.S.) ਦੀਆਂ ਕੁਝ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਏ । ਓਹਨਾ ਨੇ ਇੱਕ ਟੈਲੀਵਿਜ਼ਨ ਇੰਟਰਵਿਊ ਦੌਰਾਨ ਕਥਿਤ ਤੌਰ 'ਤੇ ਕਿਹਾ ਸੀ ਕਿ 50 ਬੰਬ ਜਾਂ ਗ੍ਰੇਨੇਡ ਪੰਜਾਬ ਵਿੱਚ ਤਸਕਰੀ ਕੀਤੇ ਗਏ ਸਨ, ਜਿਨ੍ਹਾਂ ਵਿੱਚੋਂ 18 ਪਹਿਲਾਂ ਹੀ ਵੱਖ-ਵੱਖ ਥਾਣਿਆਂ ‘ਤੇ ਹਮਲਿਆਂ ਸਮੇਤ ਦਹਿਸ਼ਤਗਰਦ ਗਤੀਵਿਧੀਆਂ ਵਿੱਚ ਵਰਤੇ ਜਾ ਚੁੱਕੇ ਨੇ। ਇੱਕ ਸੀਨੀਅਰ ਪੁਲਿਸ ਅਧਿਕਾਰੀ, ਰਵਜੋਤ ਗਰੇਵਾਲ, ਕੱਲ੍ਹ ਇੱਕ ਪੁਲਿਸ ਟੀਮ ਦੇ ਨਾਲ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਗਏ ਸਨ, ਤਾਂ ਜੋ ਇਸ ਖੁਲਾਸੇ ਪਿਛੇ ਜਾਣਕਾਰੀ ਦੇ ਸਰੋਤ ਦਾ ਪਤਾ ਲਾਉਣ ਲਈ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਜਾ ਸਕੇ ਪਰ ਬਾਜਵਾ ਨੇ ਕਥਿਤ ਤੌਰ ‘ਤੇ ਕੁਝ ਵੀ ਨਹੀਂ ਦੱਸਿਆ। ਮੁੱਖ ਮੰਤਰੀ, ਭਗਵੰਤ ਮਾਨ ਨੇ ਵੀ ਉਨ੍ਹਾਂ ਤੋਂ ਜਾਣਕਾਰੀ ਦੇ ਸਰੋਤ ਦਾ ਖੁਲਾਸਾ ਕਰਨ ਲਈ ਸੁਆਲ ਕੀਤਾ ਏ। ਓਧਰ , ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਤੇ ਪਰਚਾ

ਦਰਜ ਕਰਨ ਦੇ ਵਿਰੋਧ ਵਿਚ ਸੂਬੇ ਦੇ ਹੋਰਨਾਂ ਕਾਂਗਰਸੀ ਆਗੂਆਂ ਨੇ ਲਾਮਬੰਧ ਹੋ ਕੇ ਆਪ ਸਰਕਾਰ ਦੀ ਨਿਖੇਦੀ ਕੀਤੀ ਅਤੇ ਕਈ ਥਾਵਾਂ ਤੇ ਸਰਕਾਰ ਦੇ ਪੂਤਲਾ ਫੂਕ ਪ੍ਰਦਰਸ਼ਨ ਕੀਤੇ ਗਏ।

--------------------------------------------------------

ਮੋਗਾ ਦੇ ਜ਼ਿਲ੍ਹਾ ਪ੍ਰਸ਼ਾਸਨ ਨੇ "ਯੁੱਧ ਨਸ਼ਿਆਂ ਵਿਰੁਧ" ਮੁਹਿੰਮ ਦੇ ਹਿੱਸੇ ਵਜੋਂ, ਇੱਕ ਪਹਿਲਕਦਮੀ ਸ਼ੁਰੂ ਕੀਤੀ ਏ ਜਿਸ ਤਹਿਤ, ਜ਼ਿਲੇ ਦੇ ਅਧਿਕਾਰੀ ਜ਼ਿਲ੍ਹੇ ਭਰ ਦੇ ਵੱਖ-ਵੱਖ ਸੈਕੰਡਰੀ ਸਕੂਲਾਂ ਨੂੰ ਅਪਣਾਉਣਗੇ ਤਾਂ ਜੋ ਸ਼ੁਰੂਆਤੀ ਪੜਾਅ 'ਤੇ ਹੀ ਨਸ਼ਿਆਂ ਦੇ ਚਲਨ ਦੀ ਪਛਾਣ ਕੀਤੀ ਜਾ ਸਕੇ ਅਤੇ ਇਸ ਨੂੰ ਰੋਕਿਆ ਜਾ ਸਕੇ। ਇਹ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਸਾਗਰ ਸੇਤੀਆ ਨੇ ਕਿਹਾ ਕਿ 237 ਸੀਨੀਅਰ ਸੈਕੰਡਰੀ (ਅਪਰ ਪ੍ਰਾਇਮਰੀ) ਸਕੂਲਾਂ ਨੂੰ 24 ਜ਼ਿਲ੍ਹਾ ਪੱਧਰੀ ਅਧਿਕਾਰੀਆਂ ਵੱਲੋਂ ਅਪਣਾਇਆ ਗਿਆ ਏ। ਇਹਨਾਂ 24 ਅਧਿਕਾਰੀਆਂ ਵਿੱਚ ਉਹ ਆਪ ਅਤੇ ਦੋਵੇਂ ਵਧੀਕ ਡਿਪਟੀ ਕਮਿਸ਼ਨਰ ਵੀ ਸ਼ਾਮਲ ਨੇ। **ਵਧੇਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ**

***Byte-...***

ਉਨ੍ਹਾਂ ਦੱਸਿਆ ਕਿ ਮੁਹਿੰਮ ਨੂੰ ਲਾਗੂ ਕਰਨ ਦੌਰਾਨ ਪੈਦਾ ਹੋਣ ਵਾਲੇ ਕਿਸੇ ਵੀ ਮੁੱਦੇ ਜਾਂ ਚਿੰਤਾਵਾਂ ਨੂੰ ਹੱਲ ਕਰਨ ਲਈ ਪ੍ਰਸ਼ਾਸਨ ਸਕੂਲਾਂ ਨਾਲ ਮਿਲ ਕੇ ਕੰਮ ਕਰੇਗਾ।

---------------------------------------------------------

ਫਿਰੋਜ਼ਪੁਰ ਰੇਲਵੇ ਡਵੀਜ਼ਨ ਵੱਲੋਂ ਵਿਸ਼ਵ ਵਿਰਾਸਤ ਦੁਵਸ 2025 ਮਨਾਉਣ ਲਈ ਅੱਜ ਤੋਂ 20 ਅਪ੍ਰੈਲ ਤੱਕ ਇਕ ਹਫਤੇ ਦੇ ਪ੍ਰੋਗਰਾਮ ਉਲੀਕੇ ਗਏ ਨੇ। ਇਨ੍ਹਾਂ ਪ੍ਰੋਗਰਾਮਾਂ ਤਹਿਤ ਫਿਰੋਜ਼ਪੁਰ ਡਵੀਜ਼ਨ ਨੇ ਪਠਾਨਕੋਟ ਰੇਲਵੇ ਸਟੇਸ਼ਨ ਤੇ ਵਿਰਾਸਤੀ ਵਸਤਾਂ ਦੀ ਇਕ ਪ੍ਰਦਰਸ਼ਨੀ, ਪੱਲਨਪੁਰ ਰੇਲਵੇ ਸਟੇਸ਼ਨ ਤੇ ਵਿਰਾਸਤੀ ਗੈਲਰੀ, ਕਾਂਗੜਾ ਰੇਲਵੇ ਸਟੇਸ਼ਨ ਨੂੰ ਸਜਾਉਣ, ਨੂਰਪੁਰ ਤੋਂ ਬੈਜਨਾਥ ਵਿਚਕਾਰ ਚੱਲਣ ਵਾਲੀ ਛੋਟੀ ਪਟੜੀ ਵਾਲੀ ਰੇਲ ਗੱਡੀ ਸਜਾਉਣਾ ਤੇ ਵੱਖ ਵੱਖ ਵਿਰਾਸਤੀ ਥਾਵਾਂ ਤੇ ਸੈਲਫੀ ਪੁਆਇੰਟ ਲਾਉਣਾ ਸ਼ਾਮਿਲ ਏ। ਇਸ ਦੌਰਾਨ ਵਿਰਾਸਤ ਸਬੰਧੀ ਪੇਂਟਿੰਗ ਤੇ ਕੁਇਜ਼ ਮੁਕਾਬਲੇ ਵੀ ਆਯੋਜਿਤ ਕੀਤੇ ਜਾਣਗੇ। ਵਿਸ਼ਵ ਵਿਰਾਸਤੀ ਦਿਵਸ 18 ਆਪ੍ਰੈਲ ਨੂੰ ਮਨਾਇਆ ਜਾਂਦੈ। ਇਸ ਵਰ੍ਹੇ

ਇਸ ਦਾ ਵਿਸ਼ਾ "ਆਫ਼ਤ ਅਤੇ ਟਕਰਾਅ ਰੋਧਕ ਵਿਰਾਸਤ - ਵਿਰਾਸਤ ਦੀ ਸੁਰੱਖਿਆ 'ਤੇ ਕਾਰਵਾਈ" ਏ।

--------------------------------------------------------

ਵਿਸਾਖੀ ਮੌਕੇ ਪਿੰਡ ਬੇਰੋਵਲ ਨੇੜੇ ਬਿਆਸ ਦਰਿਆ ‘ਚ ਨਹਾਉਣ ਗਏ 4 ਨੌਜੁਆਨਾਂ ਵਿਚੋਂ 2 ਦੀ ਦਰਿਆ ‘ਚ ਡੁੱਬਣ ਕਾਰਣ ਮੌਤ ਹੋ ਗਈ ਏ ਅਤੇ 2 ਹੋਰ ਹਾਲਾਂ ਲਾਪਤਾ ਨੇ. ਇਹਨਾਂ ਚਾਰਾਂ ਵਿਚੋਂ ਪਹਿਲਾਂ ਬਾਹਰ ਕਢੇ ਗਏ 2 ਨੂੰ ਸਿਵਿਲ ਹਸਪਤਾਲ ਕਪੂਰਥਲਾ ਭੇਜਿਆ ਗਿਆ ਜਿਥੇ ਇਹਨਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ. ਬਾਕੀ ਦੇ ਲਾਪਤਾ ਹੋਏ 2 ਨੌਜੁਆਨਾਂ ਦੀ ਭਾਲ ਜਾਰੀ ਏ ਤੇ NDRF ਦੀ ਟੀਮ ਗੋਤਾਖੋਰਾਂ ਨਾਲ ਓਹਨਾਂ ਦਾ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੀ ਏ।

--------------------------------------------------------

ਤੀਰਅੰਦਾਜ਼ੀ ਵਿੱਚ, ਭਾਰਤ ਦੇ ਧੀਰਜ ਬੋਮਦੇਵਰਾ ਨੇ ਅੱਜ ਸਵੇਰੇ ਅਮਰੀਕਾ ਦੇ ਫਲੋਰੀਡਾ ਵਿੱਚ ਤੀਰਅੰਦਾਜ਼ੀ ਵਿਸ਼ਵ ਕੱਪ - 2025 ਵਿੱਚ ਚਾਂਦੀ ਦਾ ਕਾਂਸੀ ਜਿੱਤਿਆ ਏ। ਧੀਰਜ ਨੇ ਪੁਰਸ਼ਾਂ ਦੇ ਵਿਅਕਤੀਗਤ **ਰਿਕਰਵ** ਮੁਕਾਬਲੇ ਵਿੱਚ **ਐਂਡਰੇਸ ਟੈਮਿਨੋ**

**ਮੇਡੀਅਲ** ਨੂੰ 6-4 ਨਾਲ ਹਰਾਇਆ ਏ । ਇਹ ਇਸ ਮੁਕਾਬਲੇ ਵਿੱਚ ਧੀਰਜ ਦਾ ਦੂਜਾ ਤਗਮਾ ਵੀ ਏ। ਇਸ ਜਿੱਤ ਦੇ ਨਾਲ, ਭਾਰਤ ਨੇ ਤੀਰਅੰਦਾਜ਼ੀ ਵਿਸ਼ਵ ਕੱਪ ਵਿੱਚ ਕੁੱਲ ਚਾਰ ਤਗਮੇ ਜਿੱਤੇ ਜਿਨ੍ਹਾਂ ਵਿੱਚ ਇੱਕ ਸੋਨਾ, ਇੱਕ ਚਾਂਦੀ ਅਤੇ ਦੋ ਕਾਂਸੀ ਦੇ ਤਗਮੇ ਸ਼ਾਮਲ ਨੇ । ਭਾਰਤੀ ਟੀਮ ਤਗਮਾ ਸੂਚੀ ਵਿੱਚ ਚੌਥੇ ਸਥਾਨ 'ਤੇ ਰਹੀ ਏ। ਇਸ ਤੋਂ ਪਹਿਲਾਂ, ਧੀਰਜ ਨੇ ਤਰੁਣਦੀਪ ਰਾਏ ਅਤੇ ਅਤਨੂ ਦਾਸ ਨਾਲ ਮਿਲ ਕੇ ਰਿਕਰਵ ਪੁਰਸ਼ ਟੀਮ ਮੁਕਾਬਲੇ ਵਿੱਚ ਚਾਂਦੀ ਦਾ ਤਗਮਾ ਜਿੱਤਿਆ ਸੀ । ਜਯੋਤੀ ਸੁਰੇਖਾ ਵੇਨਮ ਅਤੇ ਰਿਸ਼ਭ ਯਾਦਵ ਦੀ ਜੋੜੀ ਨੇ ਕੰਪਾਊਂਡ ਮਿਕਸਡ ਟੀਮ ਈਵੈਂਟ ਵਿੱਚ ਸੋਨ ਤਗਮਾ ਜਿੱਤਿਆ । ਅਭਿਸ਼ੇਕ ਵਰਮਾ, ਰਿਸ਼ਭ ਯਾਦਵ ਅਤੇ ਓਜਸ ਦਿਓਤਾਲੇ ਦੀ ਪੁਰਸ਼ ਕੰਪਾਊਂਡ ਟੀਮ ਨੇ ਕਾਂਸੀ ਦਾ ਤਗਮਾ ਜਿੱਤਿਆ ਏ ।

---------------------------------------------------------------

I P L ਕ੍ਰਿਕਟ ਵਿੱਚ, ਅੱਜ ਲਖਨਊ ਵਿੱਚ, ਚੇਨਈ ਸੁਪਰ ਕਿੰਗਜ਼ ਦਾ ਮੁਕਾਬਲਾ ਲਖਨਊ ਸੁਪਰ GIANTS ਨਾਲ ਹੋਵੇਗਾ । ਇਹ ਮੈਚ ਸ਼ਾਮੀ ਸਾਢੇ 7 ਵਜੇ ਸ਼ੁਰੂ ਹੋਵੇਗਾ ।

---------------------------------------------------

- ਦੇਸ਼ ਅੱਜ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਨੂੰ ਉਨ੍ਹਾਂ ਦੀ 134ਵੀਂ ਜਯੰਤੀ 'ਤੇ ਸ਼ਰਧਾਂਜਲੀ ਭੇਟ ਕਰ ਰਿਹਾ ਏ। ਰਾਸ਼ਟਰਪਤੀ, ਉਪ ਰਾਸ਼ਟਰਪਤੀ, ਪ੍ਰਧਾਨ ਮੰਤਰੀ ਸਮੇਤ ਉੱਘੀਆਂ ਸ਼ਖਸੀਅਤਾਂ ਨੇ ਡਾ. ਅੰਬੇਡਕਰ ਦੇ ਬੁੱਤ 'ਤੇ ਸ਼ਰਧਾਂਜਲੀ ਭੇਟ ਕੀਤੀ।
- ਪੰਜਾਬ ਭਰ ਵਿਚ ਵੀ ਬਾਬਾ ਸਾਹਿਬ ਅੰਬੇਡਕਰ ਨੂੰ ਕੀਤਾ ਗਿਆ ਯਾਦ।
- ਪ੍ਰਧਾਨ ਮੰਤਰੀ ਨੇ ਅੱਜ ਹਿਸਾਰ ਤੋਂ ਅਯੱਧਿਆ ਲਈ ਇਕ ਵਪਾਰਕ ਉਡਾਨ ਦੀ ਕੀਤੀ ਸ਼ੁਰੂਆਤ।
- ਪੰਜਾਬ ਦੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੇ ਕਥਿਤ 50 ਬੰਬ ਬਾਰੇ ਬਿਆਨ ਸਬੰਧੀ ਮੁਹਾਲੀ ਪੁਲਿਸ ਕਰੇਗੀ ਪੁਛਗਿਛ ।
- ਮੋਗਾ ਦੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ "ਯੁੱਧ ਨਸ਼ਿਆਂ ਵਿਰੁਧ" ਮੁਹਿੰਮ ਦੇ ਹਿੱਸੇ ਵਜੋਂ ਸ਼ੁਰੂ ਕੀਤੀ ਗਈ ਨਿਵੇਕਲੀ ਪਹਿਲਕਦਮੀ

ਤਹਿਤ, ਜ਼ਿਲੇ ਦੇ ਅਧਿਕਾਰੀ ਜ਼ਿਲ੍ਹੇ ਭਰ ਦੇ ਵੱਖ-ਵੱਖ ਸੈਕੰਡਰੀ ਸਕੂਲਾਂ ਨੂੰ ਅਪਣਾਉਣਗੇ ।

- ਤੀਰਅੰਦਾਜ਼ੀ ਵਿਸ਼ਵ ਕੱਪ 2025 ਵਿਚ ਭਾਰਤ ਦੇ ਧੀਰਜ ਬੋਮਦੇਵਰਾ ਨੇ ਜਿੱਤਿਆ ਕਾਂਸੀ ਦਾ ਤਗਮਾ।